بِسۡمِ اللّٰہِ الرَّحۡمٰنِ الرَّحِیۡمِ نَحْمَدُہٗ وَنُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 16.02.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹਮੇਸ਼ਾ ਸੌਣ ਵੇਲੇ ਅਇਤੁਲ ਕਰੁਸੀ, ਸੂਰਤ ਅਖ਼ਲਾਸ, ਸੂਰਤ ਫ਼ਲਕ ਅਤੇ ਸੂਰਤ ਨਾਸ ਤਿੰਨ ਵਾਰ ਪੜ੍ਹਕੇ ਹਥੱਾਂ ਉਪੱਰ ਫੂਕ ਮਾਰਕੇ ਆਪਣੇ ਸ਼ਰੀਰ ਉਪੱਰ ਹੱਥ ਫੇਰਦੇ**

**ਜਿੰਨ੍ਹਾ ਹਾਲਾਤਾਂ ਵਿੱਚੋਂ ਅਸੀਂ ਲੰਘ ਰਹੇ ਹਾਂ ਦੁਆਵਾਂ, ਨਮਾਜ਼ਾਂ ਅਤੇ ਸਿਮਰਣ ਵੱਲ ਵਿਸ਼ੇਸ਼ ਰੂਪ ਵਿੱਚ ਧਿਆਨ ਦੇਣਾ ਚਾਹੀਦਾ ਹੈ ਸਗੋਂ ਜਮਾਤੀ ਫ਼ਿਤਨਿਆਂ, ਫ਼ਸਾਦਾਂ, ਈਰਖਾ ਅਤੇ ਵੈਰ ਵਿਰੋਧ ਦੀਆਂ ਬੁਰਾਈਆਂ ਤੋਂ ਬਚਣ ਲਈ ਵੀ ਇਕ ਅਤਿ ਮਹਤੱਵਪੂਰਨ ਕਰਤਵ ਸਮਝਕੇ ਧਿਆਨ ਦੇਣਾ ਚਾਹੀਦਾ ਹੈ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਫ਼ਰਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :-

ਇਕ ਮੋਮਿਨ ਨੂੰ ਜੋ ਇਹ ਦਾਵਾ ਕਰਦਾ ਹੈ ਕਿ ਮੈਂ ਰੱਬ ਉਪੱਰ ਇਮਾਨ (ਵਿਸ਼ਵਾਸ) ਰਖੱਦਾ ਹਾਂ, ਰੱਬ ਦੇ ਇਸ ਆਦੇਸ਼ ਨੂੰ ਹਮੇਸ਼ਾ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਰੱਬ ਨੇ ਸਾਨੂੰ ਇਬਾਦਤ ਕਰਨ ਲਈ ਪੈਦਾ ਕੀਤਾ ਹੈ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ (وَمَا خَلَقۡتُ الۡجِنَّ وَالۡاِنۡسَ اِلَّا لِیَعۡبُدُوۡنِ) "ਵਮਾ ਖ਼ਲਕਤੁਲ ਜਿਨੱਾ ਵਲ ਇੰਸਾ ਇਲੱਾ ਲਿਯਾਬੁਦੂਨ" ਅਰਥਾਤ ਅਸੀਂ ਜਿਨ ਤੇ ਇੰਸ ਨੂੰ ਇਬਾਦਤ ਲਈ ਪੈਦਾ ਕੀਤਾ ਹੈ । ਫਿਰ ਰੱਬ ਨੇ ਸਾਨੂੰ ਇਬਾਦਤ ਦੇ ਤਰੀਕੇ ਵੀ ਦੱਸੇ ਜਿਸ ਵਿੱਚ ਕਰਮ ਰੂਪੀ ਤਰੀਕਾ ਵੀ ਹੈ ਅਰਥਾਤ ਜ਼ਾਹਿਰੀ ਸ਼ਰੀਰਕ ਕਰਮ ਅਤੇ ਦੁਆਵਾਂ ਦੇ ਸ਼ਬਦ ਵੀ ਹਨ ਜਿਸਨੂੰ ਸਿਮਰਣ ਵੀ ਕਹਿ ਸਕਦੇ ਹਨ । ਨਮਾਜ਼ ਵਿੱਚ ਇਹ ਦੋਵੇਂ ਗਲੱਾਂ ਮੌਜੂਦ ਹਨ, ਅਰਥਾਤ ਜ਼ਾਹਿਰੀ ਸਰੀਰਕ ਕਰਮ ਵੀ ਹਨ ਅਤੇ ਸਿਮਰਣ ਵੀ ਹੈ, ਦੁਆਵਾਂ ਵੀ ਹਨ । ਪਰੰਤੂ ਨਮਾਜ਼ਾਂ ਤੋਂ ਬਿਨਾ ਵੀ ਸਿਮਰਣ ਤੇ ਦੁਆਵਾਂ ਅਤੇ ਰੱਬ ਨੂੰ ਚੇਤੇ ਰਖੱਣਾ ਇਕ ਮੋਮਿਨ ਦਾ ਕੰਮ ਹੈ । ਕੁਰਆਨ ਕਰੀਮ ਵਿੱਚ ਰੱਬ ਨੇ ਬਹੁਤ ਸਾਰੀਆਂ ਦੁਆਵਾਂ ਵੱਖ ਵੱਖ ਨਬੀਆਂ ਦੇ ਹਵਾਲਿਆਂ ਨਾਲ ਸਿਖਾਈਆ ਹਨ ਜੋ ਅਸੀਂ ਨਮਾਜ਼ਾਂ ਵਿੱਚ ਵੀ ਪੜ੍ਹ ਸਕਦੇ ਹਨ ਅਤੇ ਚਲਦੇ ਫਿਰਦਿਆਂ ਵੀ ਸਿਮਰਣ ਦੇ ਰੂਪ ਵਿੱਚ ਪੜ੍ਹਦੇ ਹਾਂ । ਲੋਕ ਆਪਣੇ ਪਤੱਰਾਂ ਵਿੱਚ ਲਿਖੱਦੇ ਹਨ ਕਿ ਸਾਨੂੰ ਫ਼ਲਾਣੀ ਔਕੁੜ ਹੈ ਫ਼ਲਾਣੀ ਪਰੇਸ਼ਾਨੀ ਹੈ ਕੋਈ ਦੁਆ ਅਤੇ ਸਿਮਰਣ ਦਸੱਣ ਜਿਸ ਦਾ ਅਸੀਂ ਸਿਮਰਣ ਕਰਦੇ ਰਿਹਾ ਕਰੀਏ ਅਤੇ ਔਕੁੜਾ ਤੇ ਪਰੇਸ਼ਾਨੀਆਂ ਸਾਡੀਆਂ ਦੂਰ ਹੋ ਜਾਣ । ਸਾਧਾਰਨ ਲੋਕਾਂ ਨੂੰ ਮੈਂ ਇਹੋ ਲਿਖੱਦਾ ਹਾਂ ਕਿ ਨਮਾਜ਼ਾਂ ਵੱਲ ਧਿਆਨ ਦੇਣ । ਸਜੱਦਿਆਂ ਵਿੱਚ ਦੁਆਵਾਂ ਕਰਨ, ਨਮਾਜ਼ਾਂ ਵਿੱਚ ਦੁਆਵਾਂ ਕਰਨ ਅਤੇ ਆਪਣੇ ਰੱਬ ਤੋਂ ਦੁਆਵਾਂ ਮੰਗਣ, ਪਰੰਤੂ ਅੱਜ ਮੈਂ ਇਕ ਜ਼ਿਕਰ (ਸਿਮਰਣ) ਬਾਰੇ ਵੀ ਦਸੱਣਾ ਚਾਹੁੰਦਾ ਹਾਂ ਜੋ ਹਜ਼ਰਤ ਮੁਹਮੱਦ

ਸਲਲੱਾਹੁ ਅਲੈਹਿ ਵਸਲਮ ਦੀ ਸੁਨੱਤ ਵੀ ਹੈ ਅਤੇ ਰੱਬ ਵੱਲੋਂ ਉਤਰੀਆਂ ਹੋਈਆਂ ਦੁਆਵਾਂ ਵੀ ਹਨ, ਜਿੰਨ੍ਹਾ ਦੇ ਅਰਥਾਂ ਉਪੱਰ ਗ਼ੌਰ ਕਰਕੇ ਪੜ੍ਹਨ ਨਾਲ ਜਿੱਥੇ ਮਨੁੱਖ ਰੱਬ ਦੀ ਤੌਹੀਦ (ਇਕਈਸ਼ਵਰਵਾਦ) ਦਾ ਗਿਆਨ ਪ੍ਰਾਪਤ ਕਰਦਾ ਹੈ ਓਥੇ ਰੱਬ ਦੀ ਸੁਰੱਖਿਆ ਤੇ ਪਨਾਹ ਵਿੱਚ ਵੀ ਆਉਂਦਾ ਹੈ ਅਤੇ ਹਰ ਪ੍ਰਕਾਰ ਦੀ ਬੁਰਾਈ ਤੋਂ ਸੁਰੱਖਿਅਤ ਵੀ ਰਹਿੰਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨ ਕੇਵਲ ਇਹ ਕਿ ਆਪ ਬਕਾਇਦਗੀ ਨਾਲ ਪ੍ਰਤੀਦਿਨ ਰਾਤ ਨੂੰ ਸੌਣ ਤੋਂ ਪਹਿਲਾਂ ਇਹਨਾਂ ਆਇਤਾਂ ਨੂੰ ਅਤੇ ਦੁਆਵਾਂ ਨੂੰ ਪੜ੍ਹਿਆ ਕਰਦੇ ਸਨ ਸਗੋਂ ਸਹਾਬਾ ਨੂੰ ਵੀ ਪੜ੍ਹਨ ਦੀ ਤਲਕੀਨ ਕਰਦੇ ਸਨ ਅਤੇ ਅਨੇਕਾਂ ਥਾਵਾਂ ਉਪੱਰ ਇਹਨਾਂ ਦੁਆਵਾਂ ਦੀ ਮਹਤੱਾ ਅਤੇ ਲਾਭਾਂ ਨੂੰ ਆਪ ਨੇ ਵਰਨਣ ਕੀਤੇ ਹੈ ।

ਰਿਵਾਇਤਾਂ ਵਿੱਚ ਆਉਂਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹਮੇਸ਼ਾ ਸੌਂਦੇ ਸਮੇਂ ਆਇਤੁਲ ਕੁਰਸੀ, ਸੂਰਤ ਅਖ਼ਲਾਸ, ਸੂਰਤ ਫ਼ਲਕ ਅਤੇ ਸੂਰਤ ਨਾਸ ਤਿੰਨ ਵਾਰ ਪੜ੍ਹਕੇ ਹਥੱਾਂ ਉਪੱਰ ਫੂਕ ਮਾਰਕੇ ਆਪਣੇ ਹੱਥਾਂ ਨੂੰ ਸ਼ਰੀਰ ਉਪੱਰ ਇਉਂ ਫੇਰਦੇ ਕਿ ਸਿਰ ਤੋਂ ਅਰੰਭ ਕਰਕੇ ਜਿੱਥੋਂ ਤੱਕ ਹੱਥ ਜਾ ਸਕਦਾ ਹੈ ਹੱਥ ਫੇਰਦੇ । ਸੋ, ਜਿਸ ਕੰਮ ਨੂੰ ਆਪ ਨੇ ਬਕਾਇਦਗੀ ਨਾਲ ਜਾਰੀ ਰੱਖਿਆ ਜਾਂ ਨਿਰੰਤਰ ਕੀਤਾ ਇਹ ਆਪਦੀ ਸੁਨੱਤ ਬਣੀ ਅਤੇ ਇਸ ਕੰਮ ਨੂੰ ਹਰ ਮੁਸਲਮਾਨ ਨੂੰ ਕਰਨਾ ਚਾਹੀਦਾ ਹੈ ਅਤੇ ਅਸੀਂ ਅਹਮਦੀਆਂ ਨੂੰ ਜਿੰਨ੍ਹਾ ਨੂੰ ਇਸ ਜੁੱਗ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਹਰ ਸੁਨੱਤ ਉਪੱਰ ਅਮਲ ਕਰਨ ਵੱਲ ਹਜ਼ਰਤ ਮਸੀਹ ਮੌਊਦ ਅਲੈਹਿ ਨਲਾਮ ਨੇ ਮਾਰਗ ਦਰਸ਼ਨ ਕੀਤਾ ਹੈ, ਸਾਨੂੰ ਇਸ ਉਪੱਰ ਅਮਲ ਕਰਨ ਦਾ ਵਿਸ਼ੇਸ਼ ਜਤਨ ਕਰਨਾ ਚਾਹੀਦਾ ਹੈ ਅਤੇ ਵਿਸ਼ੇਸ਼ ਰੂਪ ਵਿੱਚ ਇਹਨਾਂ ਹਾਲਾਤਾਂ ਵਿੱਚ ਜਿੰਨ੍ਹਾ ਵਿੱਚੋਂ ਅਸੀਂ ਲੰਘ ਰਹੇ ਹਾਂ ਦੁਆਵਾਂ ਅਤੇ ਨਮਾਜ਼ਾਂ ਅਤੇ ਸਿਮਰਣ ਵੱਲ ਵਿਸ਼ੇਸ਼ ਰੂਪ ਵਿੱਚ ਆਪਣੇ ਵਿਅਕਤੀਗੱਤ ਆਤਮਕ ਤੇ ਸੰਸਾਰ ਲੋੜਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਸਗੋਂ ਜਮਾਤੀ ਫ਼ਿਤਨਿਆਂ, ਫ਼ਸਾਦਾਂ, ਈਰਖਾਲੂਆਂ ਅਤੇ ਦੁਸ਼ਮਣਾ ਦੀ ਬੁਰਾਈ ਤੋਂ ਬਚਣ ਲਈ ਵੀ ਇਕ ਅਤਿ ਮਹਤਵਪੂਰਨ ਕਰਤਵ ਸਮਝਕੇ ਧਿਆਨ ਦੇਣਾ ਚਾਹੀਦਾ ਹੈ । ਇਸ ਜ਼ਿਕਰ ਤੇ ਆਇਤਾਂ ਦੀ ਮਹਤੱਾ ਕਈ ਹਦੀਸਾਂ ਵਿੱਚ ਵੀ ਮਿਲਦੀ ਹੈ ਜੋ ਮੈਂ ਆਪ ਦੇ ਸਾਹਮਣੇ ਰਖੱਦਾ ਹਾਂ । ਆਇਤੁਲ ਕੁਰਸੀ ਬਾਰੇ ਦੋ ਜੁਮਏ ਪਹਿਲਾਂ ਵਰਨਣ ਕਰ ਚੁਕਿਆ ਹਾਂ। ਅੱਜ ਕੁਰਆਨ ਕਰੀਮ ਦੀਆਂ ਅੰਤਮ ਤਿੰਨ ਸੂਰਤਾਂ ਬਾਰੇ ਹਦੀਸਾਂ ਦੇ ਹਵਾਲਿਆਂ ਨਾਲ ਵਰਨਣ ਕਰਾਂਗਾ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਵਰਨਣ ਕਰਦੀ ਹਨ ਕਿ ਹਰ ਰਾਤ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਜੱਦ ਬਿਸਤਰ'ਤੇ ਲੇਟਦੇ ਤਾਂ ਆਪਣੀਆਂ ਹਥੇਲੀਆਂ ਨੂੰ ਜੋੜਦੇ ਅਤੇ ਉਹਨਾਂ ਵਿੱਚ ( قُلْ هُوَاللّٰهُ اَحَدٌ، قُلْ اَعُوْذُ بِرَبِّ الْفَلَقِ اور قُلْ اَعُوْذُ بِرَبِّ النَّاسِ) 'ਕੁਲਹੁ ਵਲੱਾਹੁ ਅਹਦ, ਕੁਲ ਆਊਜ਼ੁ ਬਿ ਰੱਬਿਲ ਫ਼ਲਕ ਅਤੇ ਕੁਲ ਆਊਜ਼ੁ ਬਿਰੱਬਿਨੱਾਸ' ਪੜ੍ਹਕੇ ਫੂਕਦੇ, ਫਿਰ ਜਿੱਥੋਂ ਤੱਕ ਸੰਭਵ ਹੁੰਦਾ ਦੋਵੇ ਹੱਥਾਂ ਨੂੰ ਸ਼ਰੀਰ ਉਪੱਰ ਫੇਰਦੇ । ਆਪ ਆਪਣੇ ਸਿਰ ਤੇ ਚਿਹਰੇ ਤੋਂ ਦੋਵੇਂ ਹੱਥ ਫੇਰਨਾ ਸ਼ੁਰੂ ਕਰਦੇ ਅਤੇ ਜਿੱਥੋਂ ਤੱਕ ਆਪ ਸਲਲੱਾਹੁ ਅਲੈਹਿ ਵਸਲਮ ਦਾ ਹੱਥ ਜਾ ਸਕਦਾ ਓਥੋਂ ਤੱਕ ਫੇਰਦੇ । ਆਪ ਤਿੰਨ ਵਾਰ ਅਜਿਹਾ ਕਰਦੇ ।

ਆਪ ਸਲਲੱਾਹੁ ਅਲੈਹਿ ਵਸਲਮ ਇਸ ਕਿਰਿਆ ਨੂੰ ਐਨ੍ਹੀ ਬਕਾਇਦਗੀ ਨਾਲ ਕਰਦੇ ਸਨ ਕਿ ਹਜ਼ਰਤ ਆਇਸ਼ਾ ਰਜ਼ੀ ਅਲੱਲਹ ਅਨਹਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਅੰਤਮ ਬਿਮਾਰੀ ਵਿੱਚ ਇਹ ਦੁਆਵਾਂ ਆਪ ਪੜ੍ਹਦੀ ਅਤੇ ਆਪ ਦਾ ਹਥੱਾਂ'ਤੇ ਫੂਕਕੇ ਆਪਦੇ ਹੱਥ ਹੀ ਸ਼ਰੀਰ ਉਪੱਰ ਫੇਰਦੀਂ । ਇਹ ਵਿਚਾਰ ਹਜ਼ਰਤ ਆਇਸ਼ਾ ਨੂੰ ਆਉਣਾ ਨਿਸ਼ਚੇ ਹੀ ਇਸ ਕਰਕੇ ਸੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਸ ਵਿੱਚ ਬਹੁਤ ਬਕਾਇਦਗੀ ਕਰਦੇ ਸਨ ਅਤੇ ਇਸ ਦੀ ਬਰਕਤ ਦੀ ਮਹਤੱਾ ਹਜ਼ਰਤ ਆਇਸ਼ਾ ਉਪੱਰ ਖ਼ੂਬ ਖੋਲਕੇ ਵਰਨਣ ਕੀਤੀ ਹੋਈ ਸੀ ।

ਫਿਰ ਸਹਾਬਾ ਨੂੰ ਇਹਨਾਂ ਸੂਰਤਾਂ ਦੀ ਬਰਕਤਾਂ ਤੇ ਮਹਤੱਾ ਦਾ ਕਿਵੇਂ ਅਨੁਭਵ ਦੁਆਇਆ, ਇਸ ਬਾਰੇ ਹਜ਼ਰਤ ਉਕਬਾ ਬਿਨ ਆਮਿਰ ਵਰਨਣ ਕਰਦੇ ਹਨ ਕਿ ਮੇਰੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਮੁਲਾਕਾਤ ਹੋਈ, ਆਪ ਸਲਲੱਾਹੁ ਅਲੈਹਿ ਵਸਲਮ ਨੇ ਅੱਗੇ ਵਧੱਕੇ ਮੇਰਾ ਹੱਥ ਫੜ੍ਹ ਲਿਆ ਅਤੇ ਫ਼ਰਮਾਇਆ, ਹੇ, ਉਕਬਾ ਬਿਨ ਆਮਿਰ ! ਕੀ ਮੈਂ ਤੁਹਾਨੂੰ ਤੌਰਾਤ, ਇੰਜੀਲ, ਜ਼ਬੂਰ ਅਤੇ ਫ਼ੁਰਕਾਨ ਵਿੱਚ ਜੋ ਸੂਰਤਾਂ ਉਤਾਰੀਆਂ ਗਈਆਂ ਹਨ ਉਹਨਾਂ ਵਿੱਚੋਂ ਤਿੰਨ ਬਿਹਤਰੀਨ ਸੂਰਤਾਂ ਬਾਰੇ ਨ ਦਸੱਾਂ ? ਮੈਂ ਅਰਜ਼ ਕੀਤੀ ਕਿਉਂ ਨਹੀਂ ! ਰੱਬ ਮੈਨੂੰ ਆਪ ਉਪੱਰ ਕੁਰਬਾਨ ਕਰੇ । ਫਿਰ ਆਪਨੇ ਮੈਨੂੰ (قُلْ

(هُوَاللّٰهُ اَحَدٌ، قُلْ اَعُوْذُ بِرَبِّ الْفَلَقِ اور قُلْ اَعُوْذُ بِرَبِّ النَّاسِ) 'ਕੁਲਹੁ ਵਲੱਾਹੁ ਅਹਦ, ਕੁਲ ਆਊਜ਼ੁ ਬਿ ਰੱਬਿਲ ਫ਼ਲਕ ਅਤੇ ਕੁਲ ਆਊਜ਼ੁ ਬਿਰੱਬਿਨੱਾਸ' ਪੜ੍ਹਕੇ ਸੁਣਾਈਆਂ । ਫਿਰ ਆਪ ਨੇ ਫ਼ਰਮਾਇਆ ਹੇ, ਉਕਬਾ ! ਤੁਸੀਂ ਇਹਨਾਂ ਨੂੰ ਨ ਭੁਲੱਣਾ । ਉਸ ਸਮੇਂ ਤੋਂ ਮੈਂ ਇਹਨਾਂ ਨੂੰ ਨਹੀਂ ਭੁੱਲਿਆ ਅਤੇ ਮੈਂ ਕੋਈ ਰਾਤ ਅਜਿਹੀ ਨਹੀਂ ਲੰਘਾਈ ਜੱਦ ਤੱਕ ਮੈਂ ਇਹਨਾਂ ਨੂੰ ਨਹੀਂ ਪੜ੍ਹ ਲਿਆ ਹੋਵੇ ।

ਫਿਰ ਸੂਰਤ ਅਖ਼ਲਾਸ਼ ਦੀ ਮਹਤੱਾ ਬਾਰੇ ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅਲੱਾਹ ਅਨਹੁ ਰਿਵਾਇਤ ਕਰਦੇ ਹਨ ਕਿ ਇਕ ਵਿਅਕਤੀ ਨੇ ਇਕ ਬੰਦੇ ਨੂੰ (قُلْ هُوَاللّٰهُ اَحَدٌ) 'ਕੁਲਹੁ ਵਲੱਾਹੁ ਅਹਦ' ਪੜ੍ਹਦਿਆਂ ਹੋਇਆਂ ਸੁਣਿਆਂ ਜੋ ਇਸ ਨੂੰ ਵਾਰ ਵਾਰ ਪੜ੍ਹ ਰਿਹਾ ਸੀ । ਜੱਦ ਸਵੇਰ ਹੋਈ ਤਾਂ ਉਸ ਨੇ ਰਸੂਲੇ ਕਾਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿਚੱ ਹਾਜ਼ਰ ਹੋਕੇ ਸਾਰੀ ਗੱਲ ਵਰਨਣ ਕੀਤੀ ਅਤੇ ਸੰਭਵਤਾ ਉਹ ਉਸ ਬੰਦੇ ਨੂੰ ਘੱਟ ਜਾਂ ਛੋਟਾ ਸਮਝ ਰਿਹਾ ਸੀ ਇਸ ਲਈ ਸ਼ਿਕਾਇਤ ਦੇ ਰੂਪ ਵਿੱਚ ਵਰਨਣ ਕੀਤਾ । ਇਸ'ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਕਸਮ ਹੈ ਉਸ ਵੁਜੂਦ ਦੀ ਜਿਸਦੇ ਹੱਥ ਵਿਚ ਮੇਰੀ ਜਾਨ ਹੈ ਇਹ ਕੁਰਆਨ ਕਰੀਮ ਦੇ ਤੀਜੇ ਹਿੱਸੇ ਦੇ ਬਰਾਬਰ ਹੈ । ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਫ਼ਰਮਾਇਆ ਕਿ ਕੀ ਤੁਹਾਡੇ ਵਿੱਚੋਂ ਕੋਈ ਇਸ ਗੱਲ ਤੋਂ ਅਸਮਰਥ ਹੈ ਕਿ ਇਕ ਰਾਤ ਵਿੱਚ ਇਕ ਤਿਹਾਈ ਕੁਰਆਨ ਕਰੀਮ ਪੜ੍ਹੇ । ਇਹ ਗੱਲ ਸਹਾਬਾ ਨੂੰ ਬਹੁਤ ਔਖੀ ਲੱਗੀ । ਉਹਨਾਂ ਨੇ ਕਿਹਾ, ਹੇ, ਰਸੂਲੁਲੱਾਹ ! ਸਾਡੇ ਵਿੱਚੋਂ ਕੌਣ ਇਸ ਦੀ ਸਮਰਥਾ ਰਖੱਦਾ ਹੈ ਕਿ ਇਕ ਤਿਹਾਈ ਕੁਰਆਨ ਕਰੀਮ ਰਾਤ ਵਿੱਚ ਪੜ੍ਹ ਲਏ । ਆਪ ਨੇ ਫ਼ਰਮਾਇਆ ਕਿ ਅਲੱਾਹੁ ਵਾਹਿਦੁਸੱਮਦ ਅਰਥਾਤ ਸੂਰਤ ਅਖ਼ਲਾਸ ਇਕ ਤਿਹਾਈ ਕੁਰਆਨ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੁਰਆਨ ਕਰੀਮ ਕੀ ਹੈ ? ਕੁਰਆਨ ਕਰੀਮ ਦੀ ਸਿੱਖਿਆ ਇਕ ਤੌਹੀਦ (ਈਸ਼ਵਰਵਾਦ) ਦੀ ਸਥਾਪਨਾ ਲਈ ਹੀ ਹੈ, ਜਿਸ ਲਈ ਮਨੁੱਖ ਨੂੰ ਜਤਨ ਵੀ ਕਰਨਾ ਚਾਹੀਦਾ ਹੈ ਅਤੇ ਦੁਆ ਵੀ ਕਰਨੀ ਚਾਹੀਦੀ ਹੈ । ਫਿਰ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਤੋਂ ਇਕ ਰਿਵਾਇਤ ਹੈ, ਆਪ ਵਰਨਣ ਕਰਦੀ ਹਨ ਕਿ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਕ ਵਿਅਕਤੀ ਨੂੰ ਇਕ ਯਾਤਰਾ ਦਾ ਅਮੀਰ ਬਣਾ ਕੇ ਭੇਜਿਆ, ਜੋ ਆਪਣੇ ਸਾਥੀਆਂ ਨੂੰ ਨਮਾਜ਼ ਪੜ੍ਹਾਉਂਦਾ ਸੀ ਅਤੇ ਕੁਰਆਨ ਕਰੀਮ ਦੀ ਕਿਰਅਤ (ਪਾਠ) ਦਾ ਅੰਤ (قُلْ هُوَاللّٰهُ اَحَدٌ) 'ਕੁਲਹੁ ਵਲੱਾਹੁ ਅਹਦ''ਤੇ ਕਰਦਾ ਸੀ । ਜੱਦ ਸਹਾਬਾ ਵਾਪਸ ਪਰਤੇ ਤਾਂ ਉਹਨਾਂ ਨੇ ਇਸ ਗੱਲ ਦਾ ਵਰਨਣ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਅੱਗੇ ਕੀਤਾ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਉਸ ਨੂੰ ਪੁੱਛੋ ਕਿ ਉਹ ਅਜਿਹਾ ਕਿਉਂ ਕਰਦਾ ਹੈ । ਸਹਾਬਾ ਨੇ ਜੱਦ ਉਸ ਤੋਂ ਪੱਛਿਆ ਤਾਂ ਉਸ ਨੇ ਕਿਹਾ, ਇਸ ਲਈ ਕਿ ਇਹ ਰਹਿਮਾਨ ਰੱਬ ਦੀ ਸਿਫ਼ਤ ਹੈ ਇਸ ਕਰਕੇ ਮੈਂ ਇਸ ਨੂੰ ਪੜ੍ਹਨਾ ਪਸੰਦ ਕਰਦਾ ਹਾਂ । ਇਸ'ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੁਸੀਂ ਲੋਕ ਉਸ ਨੂੰ ਖ਼ਬਰ ਦੇ ਦਿਓ ਕਿ ਅਲੱਾਹ ਵੀ ਉਸ ਨਾਲ ਪ੍ਰੇਮ ਕਰਦਾ ਹੈ ।

ਫਿਰ ਹਜ਼ਰਤ ਅਬੀ ਬਿਨ ਕਾਬ ਵਰਨਣ ਕਰਦੇ ਹਨ ਕਿ ਜੱਦ ਮੁਸ਼ਰਿਕਾਂ ਨੇ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲਮ ਨੂੰ ਪੁੱਛਿਆ ਕਿ ਆਪਣੇ ਰੱਬ ਦਾ ਵੰਸ਼ ਸਾਨੂੰ ਦੱਸੋ ਇਸ'ਤੇ ਰੱਬ ਨੇ (قُلْ هُوَاللّٰهُ اَحَدٌ۔ اَللّٰهُ الصَّمَدُ) 'ਕੁਲਹੁ ਵਲੱਾਹੁ ਅਹਦ ਅਲੱਾਹੁਸੱਮਦ' ਨਾਜ਼ਿਲ ਕੀਤੀ । ਸੋ, 'ਸਮਦ' ਉਹ ਹੈ ਜੋ ਨ ਕਿਸੇ ਦਾ ਬਾਪ ਹੈ ਨ ਉਸ ਦਾ ਕੋਈ ਬਾਪ ਹੈ, ਕਿਉਂਕਿ ਕੋਈ ਅਜਿਹੀ ਚੀਜ਼ ਨਹੀਂ ਜੋ ਪੈਦਾ ਹੋਈ ਪਰ ਉਸਨੇ ਮਰਨਾ ਜ਼ਰੂਰ ਹੈ ਅਤੇ ਕੋਈ ਅਜਿਹੀ ਚੀਜ਼ ਨਹੀਂ ਜਿਸ ਨੇ ਮਰਨਾ ਹੈ ਪਰ ਉਸ ਦਾ ਜ਼ਰੂਰ ਕੋਈ ਨ ਕੋਈ ਵਾਰਸ ਹੋਵੇਗਾ ਜੱਦਕਿ ਅਲੱਾਹ ਜਲਾਲ ਵਾਲਾ ਤੇ ਗ਼ਾਲਬ ਹੈ ਜੋ ਨ ਕਦੇ ਮਰੇਗਾ ਨ ਹੀ ਉਸ ਦਾ ਕੋਈ ਵਾਰਸ ਹੋਵੇਗਾ । (ولم يكن له كفوا احد) 'ਵਲਮ ਯਕੁਨ ਲਹੁ ਕੁਫ਼ੁਵਨ ਅਹਦ' ਕਿ ਉਸ ਦੇ ਤੁੱਲ ਕੋਈ ਨਹੀਂ ਅਤੇ ਨ ਹੀ ਕੋਈ ਉਸ ਜਿਹਾ ਹੈ ਤੇ ਨ ਹੀ ਕੋਈ ਉਸਦੇ ਸੁਰੂਪ ਹੈ ।

ਹਜ਼ਰਤ ਅਬੂ ਹੁਰੈਰਾ ਬਿਆਨ ਕਰਦੇ ਹਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਲੋਕ ਆਪੋ ਵਿੱਚ ਇਕ ਦੂਜੇ ਨੂੰ ਪ੍ਰਸ਼ਨ ਕਰਦੇ ਹਨ ਕਿ ਹਰ ਚੀਜ਼ ਨੂੰ ਰੱਬ ਨੇ ਪੈਦਾ ਕੀਤਾ ਤਾਂ ਰੱਬ ਨੂੰ ਕਿਸਨੇ ਪੈਦਾ ਕੀਤਾ ? ਆਪ ਨੇ ਫ਼ਰਮਾਇਆ, ਸੋ ਜੱਦ ਤੁਸੀਂ ਅਜਿਹੇ ਲੋਕਾਂ ਨੂੰ ਦੇਖੋ ਤਾਂ (قُلْ هُوَ اللّٰهُ اَحَدٌ) 'ਕੁਲਹੁ ਵਲੱਾਹੁ ਅਹਦ' ਕਹੋ, ਇੱਥੋਂ ਤੱਕ ਕਿ ਤੁਸੀਂ ਇਹ ਸੂਰਤ ਖ਼ਤਮ ਕਰ ਲਓ । ਅਰਥਾਤ ਸੂਰਤ ਅਖ਼ਲਾਸ ਪੂਰੀ ਪੜ੍ਹ ਲਓ । ਇਸ ਦੇ ਅਰਥਾਂ ਉਪੱਰ ਗ਼ੌਰ ਕਰੋ ਤਾਂ ਤੁਹਾਨੂੰ ਪਤਾ ਲੱਗ ਜਾਏਗਾ ਕਿ ਰੱਬ ਨੂੰ ਪੈਦਾ ਕਰਨ ਵਾਲੀ ਕੋਈ ਚੀਜ਼ ਨਹੀਂ, ਉਹ ਅਜ਼ਲ (ਆਦਿ) ਤੋਂ ਹੈ ਅਤੇ ਅੰਤ ਤੱਕ ਰਹੇਗਾ । ਹਮੇਸ਼ਾਂ ਤੋਂ ਹੈ ਅਤੇ ਹਮੇਸ਼ਾ ਰਹੇਗਾ । ਫ਼ਰਮਾਇਆ ਕਿ ਫਿਰ ਉਸ ਨੂੰ ਚਾਹੀਦਾ ਹੈ ਕਿ ਉਹ ਸ਼ੈਤਾਨ ਤੋਂ ਪਨਾਹ ਮੰਗੇ ਤਾਂ ਉਹ ਉਸ ਨੂੰ ਕੋਈ ਹਾਨ ਨਹੀਂ ਪਹੁੰਚਾ ਸਕੇਗਾ ।

ਫਿਰ ਹਜ਼ਰਤ ਸੁਹੇਲ ਬਿਨ ਸਾਦ ਤੋਂ ਰਿਵਾਇਤ ਹੈ ਕਿ ਇਕ ਵਿਅਕਤੀ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਆਇਆ ਅਤੇ ਆਪਣੀ ਗ਼ਰੀਬੀ ਦੀ ਸ਼ਿਕਾਇਤ ਕੀਤੀ । ਆਪ ਸਲਲੱਹੁ ਅਲੈਹਿ ਵਸਲਮ ਨੇ ਫ਼ਰਮਾਇਆ ਜੱਦ ਤੂੰ ਆਪਣੇ ਘਰ ਵਿੱਚ ਦਾਖ਼ਲ ਹੋਵੇਂ ਤਾਂ ਜੇਕਰ ਕੋਈ ਘਰ ਵਿੱਚ ਹੋਵੇ ਤਾਂ ਅਸੱਲਾਮੁ ਅਲੈਕੁਮ ਕਿਹਾ ਕਰੋ ਅਤੇ ਜੇਕਰ ਕੋਈ ਨ ਹੋਵੇ ਤਾਂ ਆਪਣੇ ਉਪੱਰ ਹੀ ਸਲਾਮਤੀ ਭੇਜਿਆ ਕਰੋ, ਇਕ ਵਾਰ (قُلْ هُوَ اللّٰهُ اَحَدٌ) 'ਕੁਲਹੁ ਵਲੱਾਹੁ ਅਹਦ' ਪੜ੍ਹਿਆ ਕਰੋ ਤਾਂ ਉਸ ਵਿਅਕਤੀ ਨੇ ਅਜਿਹਾ ਹੀ ਕੀਤਾ, ਇੱਥੋਂ ਤੱਕ ਕਿ ਰੱਬ ਨੇ ਉਸ ਨੂੰ ਐਨ੍ਹਾ ਰਿਜ਼ਕ ਦਿੱਤਾ ਕਿ ਉਸ ਦੇ ਗਵਾਂਢੀ ਵੀ ਲਾਭ ਉਠਾਉਣ ਲੱਗੇ । ਜੱਦ ਮਨੁੱਖ ਤੌਹੀਦ (ਇਕ ਈਸ਼ਵਰਵਾਦ) ਦਾ ਪਾਠ ਸਿੱਖ ਲਏ ਅਤੇ ਉਸ ਉਪੱਰ ਅਮਲ ਕਰੇ ਅਤੇ ਸਾਰੀਆਂ ਕੁਦਰਤਾਂ ਅਤੇ ਸ਼ਕਤੀਆਂ ਦਾ ਮਾਲਕ ਰੱਬ ਨੂੰ ਸਮਝੇ ਤਾਂ ਰੱਬ ਫਿਰ ਅਤਿਅੰਤ ਨਿਵਾਜ਼ਦਾ ਹੈ । ਰੱਬ ਫ਼ਰਮਾਉਂਦਾ ਹੈ ਕਿ ਮੁਤਕੀ (ਸੰਜਮੀ) ਨੂੰ ਅਜਿਹੀਆਂ ਥਾਵਾਂ ਤੋਂ ਰਿਜ਼ਕ ਦਿੰਦਾ ਹੈ ਕਿ ਜਿੱਥੋਂ ਉਹ ਸੋਚ ਵੀ ਨਹੀਂ ਸਕਦਾ ।

ਹਜ਼ਰਤ ਜਾਬਰ ਤੋਂ ਰਿਵਾਇਤ ਹੈ ਕਿ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲਮ ਨੇ ਫ਼ਰਇਮਆ ਕਿ ਜਿਸ ਨੇ ਪ੍ਰਤੀਦਿਨ ਪੰਜਾਹ ਵਾਰੀ (قُلْ هُوَ اللّٰهُ اَحَدٌ) 'ਕੁਲਹੁ ਵਲੱਾਹੁ ਅਹਦ' ਪੜ੍ਹੀ ਉਸ ਨੂੰ ਕਯਾਮਤ ਦੇ ਦਿਨ ਉਸ ਦੀ ਕਬਰ'ਚੋਂ ਪੁਕਾਰਿਆ ਜਾਏਗਾ ਕਿ ਖ਼ੜਾ ਹੋ ਅਤੇ ਜਨੱਤ ਵਿੱਚ ਦਾਖ਼ਲ ਹੋ ਜਾ । ਇਬਨੇ ਦੇਲਮੀ ਤੋਂ ਰਿਵਾਇਤ ਹੈ ਜੋ ਨਜੱਾਸ਼ੀ ਦੀ ਭੈਣ ਦੇ ਪੁਤੱਰ ਸਨ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵੀ ਕਰਦੇ ਸਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਨੇ ਨਮਾਜ਼ ਵਿੱਚ ਜਾਂ ਇਸ ਤੋਂ ਇਲਾਵਾ ਸੌ ਵਾਰ (قُلْ هُوَ اللّٰهُ اَحَدٌ) 'ਕੁਲਹੁ ਵਲੱਾਹੁ ਅਹਦ' ਪੜ੍ਹਿਆ, ਰੱਬ ਨੇ ਉਸ ਲਈ ਅਗੱ ਤੋਂ ਮੁਕਤੀ ਫ਼ਰਜ਼ ਕਰ ਦਿੱਤੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਮਹਤੱਾ ਹੈ ਸੂਰਤ ਅਖ਼ਲਾਸ ਦੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ 'ਸਮਦ' ਦੇ ਅਰਥ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ : 'ਸਮਦ' ਦੇ ਅਰਥ ਹਨ ਕਿ ਸਿਵਾਏ ਉਸ ਦੇ ਸਾਰੀਆਂ ਚੀਜ਼ਾਂ ਸ਼ਾਇਦ ਸੰਭਵ ਤੇ ਬਾਧਤ ਹਨ ਪਰੰਤੂ ਰੱਬ ਦਾ ਵੁਜੂਦ ਅਜਿਹਾ ਹੈ ਜੋ 'ਸਮਦ' ਹੈ, ਲੋਕ ਸਮਝਦੇ ਹਨ ਕਿ 'ਸਮਦ' ਦਾ ਮਤਲਬ ਬੇਨਿਆਜ਼ ਹੈ, ਬੇਨਿਆਜ਼ੀ ਉਸਦੀ ਇਹ ਹੈ ਕਿ ਨ ਉਹ ਹਲਾਕ ਹੋਣ ਵਾਲਾ ਹੈ ਨ ਖ਼ਤਮ ਹੋਣ ਵਾਲਾ ਹੈ ਅਤੇ ਨ ਉਸ ਜਿਹੀ ਕੋਈ ਚੀਜ਼ ਪੈਦਾ ਹੋ ਸਕਦੀ ਹੈ ।

ਫਿਰ ਹਦੀਸਾਂ ਵਿੱਚ ਤਿੰਨੇ ਕੁਲ ਪੜ੍ਹਨ ਦੀ ਮਹਤੱਾ ਬਾਰੇ ਹਜ਼ਰਤ ਉਕਬਾ ਬਿਨ ਆਮਿਰ ਜਿਹਨੀ ਵਰਨਣ ਕਰਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕਿਸੇ ਵਿਅਕਤੀ ਦੇ ਇਹਨਾ ਜਿਹੀ ਸੂਰਤਾਂ ਜਾਂ ਕਲਾਮ ਨਾਲ ਰੱਬ ਦੀ ਪਨਾਹ ਹਾਸਲ ਨਹੀਂ ਕੀਤੀ । ਅਰਥਾਰ ਇਹ ਅਜਿਹਾ ਕਲਾਮ ਅਤੇ ਅਜਿਹੀ ਦੁਆ ਹੈ ਕਿ ਜਿਸ ਤੋਂ ਮਨੁੱਖ ਰੱਬ ਦੀ ਪਨਾਹ ਵਿੱਚ ਆ ਜਾਂਦਾ ਹੈ ਅਤੇ ਕਦੇ ਵੀ ਨਸ਼ਟ ਨਹੀਂ ਹੁੰਦਾ ਅਤੇ ਸਾਰੀਆਂ ਬੁਰਾਈਆਂ ਤੋਂ ਬਚੱਦਾ ਹੈ । ਰੱਬ ਦੀ ਪਨਾਹ ਮੰਗਣ ਦਾ ਇਸ ਤੋਂ ਚੰਗਾ ਹੋਰ ਕੋਈ ਸਾਧਨ ਨਹੀਂ । ਹਜ਼ਰਤ ਅਬੂ ਸਈਦ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਜਿੰਨਾ ਤੇ ਮਨੁੱਖਾਂ ਦੀ ਨਜ਼ਰ ਤੋਂ ਪਨਾਹ ਮੰਗਿਆ ਕਰਦੇ ਸਨ । ਜੱਦ ਮਊਜ਼ਤੇਨ' ਨਾਜ਼ਿਲ ਹੋਈਆਂ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਨੂੰ ਧਾਰਣ ਕਰ ਲਿਆ ।

ਹਜ਼ਰਤ ਇਬਨੇ ਆਬਸ ਤੋਂ ਰਿਵਾਇਤ ਹੈ ਕਿ ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਨੂੰ ਫ਼ਰਮਾਇਆ ਕਿ ਹੇ, ਇਬਨੇ ਆਬਸ ! ਕੀ ਮੈਂ ਤੈਨੂੰ ਤਊਜ਼ ਦੇ ਸਭ ਤੋਂ ਅਫ਼ਜ਼ਲ (ਮਹਤੱਵਪੂਰਨ) ਕਲਮਿਆਂ ਬਾਰੇ ਨਾ ਦਸੱਾਂ । ਮੈਂ ਅਰਜ ਕੀਤੀ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕਿਉਂ ਨਹੀਂ ? ਆਪ ਨੇ ਫ਼ਰਮਾਇਆ ਉਹ ਸੂਰਤਾਂ ਸੂਰਤ ਫ਼ਲਕ ਅਤੇ ਸੂਰਤ ਨਾਸ ਹਨ । ਫਿਰ ਅਖ਼ੀਰਲੀਆਂ ਦੋ ਸੂਰਤਾਂ ਦੀ ਮਹਤੱਾ ਵਰਨਣ ਕਰਦਿਆਂ ਹੋਇਆਂ ਇਕ ਸਹਾਬੀ ਕਹਿੰਦੇ ਹਨ ਕਿ ਅਸੀਂ ਲੋਕ ਇਕ ਵਾਰ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲਮ ਦੇ ਨਾਲ ਕਿਸੇ ਸਫ਼ਰ'ਤੇ ਸਨ, ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਪਿੱਛਿਓਂ ਮੇਰੇ ਨੇੜੇ ਆਏ ਅਤੇ ਮੇਰੇ ਮੋਢਿਆਂ ਉਪੱਰ ਹੱਥ ਰਖੱਕੇ ਫ਼ਰਮਾਇਆ ਕਿ ਆਊਜ਼ੁ ਬਿ ਰੱਬਿਲ ਫ਼ਲਕ ਪੜ੍ਹੋ । ਮੈਂ ਇਹ ਕਲਮਾ ਪੜ੍ਹ ਲਿਆ, ਇਸੇ ਪ੍ਰਕਾਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਹ ਸੂਰਤ ਪੂਰੀ ਪੜ੍ਹੀ ਅਤੇ ਮੈਂ ਵੀ ਆਪ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਇਸ ਨੂੰ ਪੜ੍ਹ ਲਿਆ ਫਿਰ ਇਸੇ ਪ੍ਰਕਾਰ 'ਆਊਜ਼ੁ ਬਿ ਰੱਬਿਨੱਾਸ' ਪੜ੍ਹਨ ਲਈ ਫ਼ਰਮਾਇਆ ਅਤੇ ਪੂਰੀ ਸੂਰਤ ਪੜ੍ਹੀ ਜਿਸ ਨੂੰ ਮੈਂ ਵੀ ਪੜ੍ਹ ਲਿਆ ਫਿਰ ਆਪ ਨੇ ਫ਼ਰਮਾਇਆ ਜੱਦ ਨਮਾਜ਼ ਪੜ੍ਹਿਆ ਕਰੋ ਤਾਂ ਇਹ ਦੋਵੇਂ ਸੂਰਤਾਂ ਨਮਾਜ਼ ਵਿੱਚ ਪੜ੍ਹ ਲਿਆ ਕਰੋ ।

ਉਕਬਾ ਬਿਨ ਆਮਿਰ ਜਿਹਨੀ ਤੋਂ ਰਿਵਾਇਤ ਹੈ ਕਿ ਮੈਂ ਇਕ ਸਫ਼ਰ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸੀ ਜੱਦ ਫ਼ਜਰ ਦਾ ਸਮਾਂ ਹੋਇਆ ਤਾਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਜ਼ਾਨ ਕਹੀ ਅਤੇ ਇਕਾਮਤ ਕਹੀ ਫਿਰ ਮੈਨੂੰ ਆਪਣੇ ਸੱਜੇ ਪਾਸੇ ਖੜਾ ਕੀਤਾ ਫਿਰ ਆਪ ਨੇ 'ਮਊਜ਼ਤੇਨ' ਨਾਲ ਤਲਾਵਤ ਕੀਤੀ । ਜੱਦ ਨਮਾਜ਼ ਤੋਂ ਵਿਹਲੇ ਹੋਏ ਤਾਂ ਫ਼ਰਮਾਇਆ ਤੂੰ ਕੀ ਦੇਖਿਆ, ਮੈਂ ਅਰਜ਼ ਕੀਤੀ ਕਿ ਸਰੱਾਈ ਮੈਂ ਦੇਖ ਲਈ ਹੈ, ਰਸੂਲੁਲੱਾਹ । ਤਾਂ ਆਪ ਸਲਲੱਾਹੁ ਅਲੈਹਿ ਵਸਲ ਨੇ ਫ਼ਰਮਾਇਆ, ਤੂੰ ਇਹ ਦੋਵੇਂ ਸੂਰਤਾਂ ਪੜ੍ਹਿਆ ਕਰ ਜੱਦ ਵੀ ਤੂੰ ਸੋਵੇਂ ਅਤੇ ਜੱਦ ਵੀ ਤੂੰ ਉੱਠੇਂ ।

ਸੋ, ਇਹ ਮਹਤੱਾ ਹੈ ਇਹਨਾਂ ਸੂਰਤਾਂ ਦੀ ਅਤੇ ਇਸ ਜ਼ਮਾਨੇ ਵਿੱਚ ਇਹਨਾਂ ਦੇ ਪੜ੍ਹਨ ਦੀ ਮਹਤੱਾ ਹੋਰ ਵੀ ਵਧੱ ਗਈ ਹੈ, ਸਾਡੀ ਰੂਹਾਨੀ ਤਰੱਕੀ ਅਤੇ ਸ਼ੈਤਾਨ ਦੇ ਹਮਲਿਆਂ ਤੋਂ ਬਚਣ ਲਈ ਅਤੇ ਜਮਾਤੀ ਰੂਪ ਵਿੱਚ ਇਸਲਾਮ ਦੇ ਵਿਰੁਧ ਜੋ ਸਾਜ਼ਸ਼ਾਂ ਹੋ ਰਹੀਆਂ ਹਨ ਉਹਨਾਂ ਤੋਂ ਬਚਣ ਲਈ, ਅੱਜ ਕਲ ਇਕ ਪਾਸੇ ਇਸਲਾਮ ਦੇ ਵਿਰੁਧ, ਇਸਲਾਮ ਵਿਰੋਧੀ ਸ਼ਕਤੀਆਂ ਦੀ ਬਹੁਤ ਹੁਸ਼ਿਆਰੀ ਨਾਲ ਜਤਨ ਹੋ ਰਹੇ ਹਨ ਤਾਂ ਦੂਜੇ ਪਾਸੇ ਨਾਂ ਨਿਹਾਦ ਮੁਸਲਮਾਨ ਮੋਲਵੀਆਂ ਅਤੇ ਮੁਸਲਮਾਨ ਲੀਡਰਾਂ ਨੇ ਇਕ ਅਜਿਹੀ ਅਵਸਥਾ ਪੈਦਾ ਕਰ ਦਿੱਤੀ ਹੈ ਜਿੱਥੇ ਫ਼ਿਤਨੇ ਫ਼ਸਾਦ ਪੈਦਾ ਹੋ ਚੁਕੇ ਹਨ । ਮੁਸਲਮਾਨ ਮੋਲਵੀ ਮਸੀਹ ਮਊਦ ਅਲੈਹਿ ਸਲਾਮ ਦੇ ਵਿਰੁਧ ਵੀ ਸਾਧਾਰਣ ਮੁਸਲਮਾਨਾਂ ਨੂੰ ਭੜਕਾ ਕੇ ਸ਼ੈਤਾਨੀ ਤਾਕਤਾਂ ਨੂੰ ਮੋਕਾ ਦੇ ਰਹੇ ਹਨ ਕਿ ਉਹਨਾਂ ਦੇ ਹੱਥ ਮਜ਼ਬੂਤ ਹੋਣ । ਇਸੇ ਪ੍ਰਕਾਰ ਨਾਸਤਿਕਤਾ ਉਹ ਵੀ ਅੱਜ ਕੱਲ ਜ਼ੋਰਾਂ'ਤੇ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਤੁਸੀਂ ਜੋ ਮਸੀਹ ਮੌਊਦ ਦੇ ਦੁਸ਼ਮਣਾ ਦਾ ਨਿਸ਼ਾਨਾ ਬਣੋਗੇ, ਇਉਂ ਦੁਆ ਮੰਗਿਆ ਕਰੋ ਕਿ ਮੈਂ ਮਖ਼ਲੂਕ ਦੀਆਂ ਬੁਰਾਈਆਂ ਜੋ ਅੰਦਰੂਨੀ ਤੇ ਬਾਹਰੀ ਦੁਸ਼ਮਣ ਹਨ ਰੱਬ ਦੀ ਪਨਾਹ ਮੰਗਦਾ ਹਾਂ ਜੋ ਸਵੇਰ ਸਮੇਂ ਦਾ ਮਲਕ ਹੈ ਅਰਥਾਤ ਰੌਸ਼ਨੀ ਦਾ ਪ੍ਰਕਟ ਕਰਨਾ ਉਸ ਦੇ ਹੱਥ ਵਿੱਚ ਹੈ । ਇਹ ਰੌਸ਼ਨੀ ਰੂਹਾਨੀ ਰੌਸ਼ਨੀ ਹੈ ਜੋ ਮਸੀਹ ਮੌਊਦ ਦੇ ਆਉਣ ਨਾਲ ਪ੍ਰਕਟ ਹੋਈ ਹੈ । ਅਤੇ ਮੈਂ ਹਨ੍ਹੇਰੀ ਰਾਤ ਦੀਆਂ ਬੁਰਾਈਆਂ ਤੋਂ ਜੋ ਮਸੀਹ ਮੌਊਦ ਦੇ ਇਨਕਾਰ ਦੇ ਫ਼ਿਤਨਿਆਂ ਦੀ ਰਾਤ ਹੈ ਰੱਬ ਦੀ ਪਨਾਹ ਮੰਗਦਾ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾਂ ਵਿੱਚ ਇਕ ਤਾਂ ਇਸਲਾਮ ਦੁਸ਼ਮਣ ਲੋਕ ਹਨ ਜੋ ਇਸਲਾਮ ਦੀ ਸਿੱਖਿਆ ਉਪੱਰ ਇਤਰਾਜ਼ ਕਰਦੇ ਹਨ ਅਤੇ ਦੂਜੇ ਉਲਮਾਏ ਇਸਲਾਮ ਹਨ ਜੋ ਆਪਣੀਆਂ ਗ਼ਲਤੀਆਂ ਛਡੱਣਾ ਨਹੀਂ ਚਾਹੁੰਦੇ ਅਤੇ ਮਸੀਹ ਮੌਊਦ ਦੇ ਵਿਰੁਧ ਲੋਕਾਂ ਨੂੰ ਭੜਕਾਉਣ ਵਿੱਚ ਮਸਰੂਫ਼ ਹਨ ਜਿੰਨ੍ਹਾ ਵਿੱਚ ਪਾਕਿਸਤਾਨ ਦੇ ਮੋਲਵੀ ਮੋਹਰੇ ਹਨ । ਸੋ, ਅਜਿਹੀ ਅਵਸਥਾ ਵਿੱਚ ਪਾਕਿਸਤਾਨ ਵਿੱਚ ਤਾਂ ਅਹਮਦੀਆਂ ਨੂੰ ਵਿਸ਼ੇਸ਼ ਰੂਪ ਵਿੱਚ ਇਸ ਸੁਨੱਤ ਨੂੰ ਜਾਰੀ ਕਰਨ ਦੀ ਲੋੜ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸੂਰਤ ਫ਼ਲਕ ਵਿੱਚ ਜੋ 'ਸ਼ੱਰੇ ਗ਼ਾਸਿਕਨ ਇਜ਼ਾ ਵਕਬ' ਕਿਹਾ ਗਿਆ ਹੈ ਇਸ ਵਿੱਚ ਹਨ੍ਹੇਰੀ ਰਾਤ ਦੀਆਂ ਬੁਰਾਈਆਂ ਤੋਂ ਬਚਣ ਦੀ ਦੁਆ ਹੈ ਹੈ 'ਗ਼ਾਸਿਕ' ਕਹਿੰਦੇ ਹਨ ਰਾਤ ਨੂੰ ਅਤੇ 'ਵਕਬ' ਦਾ

ਅਰਥ ਹੈ ਕਿ ਹਨ੍ਹੇਰਾ ਅਤੇ ਅੰਧਕਾਰ ਦਾ ਛਾ ਜਾਣਾ ਅਤੇ ਇਹ ਹਨ੍ਹੇਰੀ ਰਾਤ ਦਾ ਫ਼ਿਤਨਾ ਮਸੀਹ ਮੌਊਦ ਦੇ ਇਨਕਾਰ ਦੇ ਫ਼ਿਤਨੇ ਦੀ ਹਨ੍ਹੇਰੀ ਰਾਤ ਹੈ ਜਿਸ ਤੋਂ ਪਨਾਹ ਮੰਗੀ ਗਈ ਹੈ ।

ਹਜ਼ੂਰ ਅਨਵਰ ਨੇ ਫ਼ਮਾਇਆ : ਦੁੱਖ ਦੀ ਗੱਲ ਹੈ ਮੁਸਲਮਾਨਾਂ ਦੀ ਹਾਲਤ ਉਪੱਰ ਕਿ ਰੱਬ ਨੇ ਉਹਨਾਂ ਨੂੰ ਇਕ ਦੁਆ ਸਿਖਾਈ ਪਰ ਮੁਸਲਮਾਨਾਂ ਨੇ ਉਸ ਦੀ ਪਰਵਾਹ ਨ ਕੀਤੀ । ਬਹੁਤੇ ਮੁਸਲਮਾਨ ਤਾਂ ਇਹਨਾ ਫਿਤਨਿਆਂ ਵਿੱਚ ਡੁੱਬ ਰਹੇ ਹਨ ਅਤੇ ਇਸੇ ਕਰਕੇ ਅੱਜ ਦੁਨੀਆ ਵਿੱਚ ਗ਼ੈਰ ਮੁਸਲਮਾਨਾਂ ਨੂੰ ਮੁਸਲਮਾਨਾਂ ਉਪੱਰ ਇਤਰਾਜ਼ ਕਰਨ ਦਾ ਮੌਕਾ ਮਿਲ ਰਿਹਾ ਹੈ । ਬਹਿਰਹਾਲ ਮੁਸਲਮਾਨਾਂ ਦੀ ਇਹ ਹਾਲਤ ਸਾਨੂੰ ਧਿਆਨ ਦੁਆਉਂਦੀ ਹੈ ਕਿ ਇਹਨਾਂ ਸੂਰਤਾਂ ਉਪੱਰ ਗ਼ੌਰ ਕਰਕੇ ਪੜ੍ਹਈਏ ਤਾਂ ਜੋ ਇਹਨਾਂ ਅੰਧਕਾਰਾਂ ਤੋਂ ਅਸੀਂ ਬਚ ਸਕੀਏ ।

ਫਿਰ ਸੂਰਤ ਨਾਸ ਵਿੱਚ ਰੱਬ ਦੀ ਰਬੂਬੀਯਤ (ਉਸ ਦਾ ਰੱਬ ਹੋਣਾ) ਅਤੇ ਮਾਲਕੀਯਤ (ਰੱਬ ਦਾ ਮਾਲਕ ਹੋਣਾ) ਅਤੇ ਵਾਸਤਵਿਕ ਮਾਬੂਦ (ਪੂਜਕ) ਹੋਣਾ ਵਰਨਣ ਹੈ । ਇਹ ਵਰਨਣ ਕਰਕੇ ਉਸ ਦੀ ਪਨਾਹ ਵਿੱਚ ਆਉਣ ਅਤੇ ਸ਼ੈਤਾਨ ਦੇ ਭਰਮਾ (ਵਸਵਸਿਆਂ) ਤੋਂ ਬਚਣ ਦੀ ਦੁਆ ਕੀਤੀ ਹੈ । ਅੱਜ ਕੱਲ ਨਾਸਤਿਕਤਾ ਅਤੇ ਸੰਸਾਰ ਦਾ ਵੀ ਬਹੁਤ ਜ਼ੋਰ ਹੈ ਅਤੇ ਦੁਨੀਆਦਾਰੀ ਨੇ ਆਪਣੇ ਪੰਜੇ ਸਮਾਜ ਵਿੱਚ ਸਾਧਾਰਣਤਾ ਐਨ੍ਹੇ ਗੱਢ ਦਿੱਤੇ ਹਨ ਕਿ ਕਈ ਨੌਜੁਆਨ ਇਸ ਤੋਂ ਪ੍ਰਭਾਵਤ ਹੋ ਜਾਂਦੇ ਹਨ । ਸੋ ਇਹ ਦੁਆਵਾਂ ਜੱਦ ਅਸੀਂ ਆਪਣੇ ਉਪੱਰ ਫੂਕਦੇ ਹਾਂ ਤਾਂ ਨਾਲ ਹੀ ਆਪਣੇ ਬੱਚਿਆਂ ਉਪੱਰ ਵੀ ਫੂਕਣ ਤਾਂ ਜੋ ਹਰ ਪ੍ਰਕਾਰ ਦੀ ਬੁਰਾਈ ਤੋਂ ਸਾਡੀਆਂ ਨਸਲਾਂ ਵੀ ਸੁਰੱਖਿਅਤ ਰਹਿਣ ਅਤੇ ਧਰਮ ਉਪੱਰ ਕਾਇਮ ਰਹਿਣ ਵਾਲੀਆਂ ਅਤੇ ਰੱਬ ਦੇ ਇਕ ਹੋਣ ਨੂੰ ਸਮਝਣ ਵਾਲੀਆਂ ਹੋਣ । ਰੱਬ ਕਰੇ ਸਾਡੇ ਵਿੱਚੋਂ ਹਰ ਕੋਈ ਇਹਨਾਂ ਸੂਰਤਾਂ ਦੇ ਵਿਸ਼ਿਆਂ ਨੂੰ ਸਮਝਦਿਆਂ ਹੋਇਆਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੁਨੱਤ ਉਪੱਰ ਅਮਲ ਕਰਨ ਵਲਾ ਹੋਵੇ । ਰੱਬ ਦੇ ਇਕ ਹੋਣ ਦਾ ਵਿਸ਼ਾ ਸਾਡੇ ਉਪੱਰ ਸਪਸ਼ਟ ਹੋਵੇ ਇਸ ਤੋਂ ਬਿਨਾ ਕਿਸੇ ਹੋਰ ਦੇ ਅੱਗੇ ਅਸੀਂ ਝੁਕਣ ਵਾਲੇ ਨ ਹੋਈਏ, ਉਸੇ ਨੂੰ ਸਾਰੀਆਂ ਸ਼ਕਤੀਆਂ ਦਾ ਸੋਮਾ ਸਮਝੀਏ । ਨ ਕੇਵਲ ਦਿਲ ਤੋਂ ਸਗੋਂ ਹਰ ਕਰਮ ਤੋਂ ਇਸ ਨੂੰ ਸਾਬਤ ਕਰੀਏ ਕਿ ਅਲੱਾਹ ਹੀ ਸਾਰੀਆਂ ਸ਼ਕਤੀਆਂ ਦਾ ਸੋਮਾ ਹੈ ਹਰ ਰੋਸ਼ਨੀ ਦਾ ਮੰਬਾ ਹੈ ਅਤੇ ਹੈਰ ਫ਼ੈਜ਼ ਦਾ ਪਹੁੰਚਾਉਣ ਵਾਲਾ ਹੈ ।


**Khulasa Khutba Jumma 16.02.2018**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131